# ਸਿੱਖ ਕਿਸਦੇ ਹੁਕਮ ਦਾ ਪਾਬੰਦ ਹੋਵੇ

ਧੰਨ ਗੁਰੂ ਅਮਰਦਾਸ ਜੀ ਦਾ ਅੰਮ੍ਰਿਤ ਬਚਨ ਹੈ

ਹੁਕਮੁ ਮੰਨਿਹੁ ਗੁਰੂ ਕੇਰਾ - ਪੰਨਾ ੯੧੮

ਪਰ ਗੁਰੂ ਦੇ ਸ਼ਰੀਕ ਆਖਦੇ ਹਨ ਸਾਡਾ ਹੁਕਮ ਮਨੋ ।

ਐਸੇ ਹੁਕਮ ਸੁਣਾਵਣ ਵਾਲਿਆ ਲਈ ਸਤਿਗੁਰ ਨਾਨਕ ਸਾਹਿਬ ਜੀ ਦਾ ਫੁਰਮਾਨ ਹੈ ।

ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥ ਪੰਨਾ ੧੪

ਗੁਰੂ ਦੇ ਸ਼ਰੀਕ ਅਪਣੇ ਮਨਮਤੀ ਫੈਸਲੇ ਨੂੰ ਅਕਾਲ ਤਖਤ ਦਾ ਹੁਕਮ ਆਖ ਕੇ ਕਹਿ ਰਹੇ ਹਨ ਜੋ ਮਨੇਗਾ ਉਸ ਦਾ ਲੋਕ ਪਰਲੋਕ ਦੋਹੀਂ ਥਾਈਂ ਭਲਾ ਹੋਵੇ ਗਾ ।

ਕੀ ਗੁਰਸਿੱਖਾਂ ਦੇ ਲੋਕ ਪਰਲੋਕ ਦੇ ਰਾਖੇ ਇਹ ਹਨ ਜਾਂ ਸਤਿਗੁਰੂ ਜੀ ਹਨ

ਗੁਰੂ ਅਰਜਨ ਸਾਹਿਬ ਜੀ ਦਾ ਅਟੱਲ ਫੁਰਮਾਨ ਹੈ ।

ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ ॥ ਪੰਨਾ ੨੮੬

ਗੁਰੂ ਕਾ ਸਿੱਖ ਤਾਂ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨਾਂ ਤੇ ਹੀ ਵਿਸ਼ਵਾਸ ਕਰ ਸਕਦਾ ਹੈ ।

੬ ਜੂਨ ੨੦੧੬

ਗਿਆਨੀ ਕੁਲਦੀਪ ਸਿੰਘ
ਵਰਜੀਨੀਆ, ਯੂ.ਐਸ.ਏ.